# ਸਾਡਾ ਜੋਖਮ ਵਾਲੀ ਬਿਮਾਰੀ ਦਾ ਬੀਮਾ, ਤੁਹਾਨੂੰ ਉਸ ਸਮੇਂ ਲਾਭਾਂ ਦਾ ਭੁਗਤਾਨ ਕਰਦਾ ਹੈ, ਜਦੋਂ ਤੁਹਾਨੂੰ ਇਸਦੀ ਸਭ ਤੋਂ ਵੱਧ ਲੋੜ ਹੁੰਦੀ ਹੈ।

**ਜਦੋਂ ਤੁਸੀਂ ਆਪਣੀ ਜ਼ਿੰਦਗੀ ਜੀ ਰਹੇ ਹੁੰਦੇ ਹੋ, ਜੋਖਮ ਵਾਲੀ ਬਿਮਾਰੀ ਦਾ ਬੀਮਾ ਤੁਹਾਨੂੰ ਭੁਗਤਾਨ ਕਰਦਾ ਹੈ।**

ਮੈਡੀਕਲ ਖ਼ਰਚਿਆਂ, ਇਲਾਜ ਦੌਰਾਨ ਸਫ਼ਰ ਅਤੇ ਤਨਖ਼ਾਹ ਖੁੰਝਣ ਵਰਗੀਆਂ ਨੁਕਸਾਨ ਦੀ ਭਰਪਾਈ ਕਰਨ ਵਾਲੀਆਂ ਲਾਗਤਾਂ ਵਿਚ ਮਦਦ ਲਈ ਬਿਨਾ ਟੈਕਸ ਵਾਲਾ ਇਕਮੁਸ਼ਤ ਭੁਗਤਾਨ ਪ੍ਰਾਪਤ ਕਰੋ। ਇਹੀ ਉਹ ਬੀਮਾ ਹੈ, ਜੋ ਇਹਨਾਂ ਖ਼ਰਚਿਆਂ ਨੂੰ ਪੂਰਾ ਕਰਨ ਦੇ ਤਣਾਅ ਅਤੇ ਚਿੰਤਾ ਨੂੰ ਤੁਹਾਡੇ ਨੇੜੇ ਨਹੀਂ ਢੁਕਣ ਦਿੰਦਾ, ਤਾਂਜੋ ਤੁਸੀਂ ਆਪਣਾ ਪੂਰਾ ਧਿਆਨ ਠੀਕ ਹੋਣ 'ਤੇ ਲਾ ਸਕੋ।

**ਕੈਨੇਡਾ ਪ੍ਰੋਟੈਕਸ਼ਨ ਪਲਾਨ ਦੇ ਜੋਖਮ ਵਾਲੀ ਬਿਮਾਰੀ ਦੇ ਬੀਮੇ ਵਿਚ ਸ਼ਾਮਿਲ ਹਨ:**

- ✔ ਕੋਈ ਮੈਡੀਕਲ ਟੈਸਟ ਜਾਂ ਮੁਆਇਨੇ ਨਹੀਂ ਕੀਤੇ ਜਾਂਦੇ
- ✔ ਤੁਸੀਂ ਸਿਰਫ਼ ਇਕ ਦਿਨ ਵਿਚ ਹੀ ਇਸਦੇ ਘੇਰੇ ਹੇਠ ਆ ਸਕਦੇ ਹੋ
- ✔ ਕੈਂਸਰ ਤੋਂ ਬਚਣ ਵਾਲੇ ਮਰੀਜ਼ਾਂ ਲਈ ਕਵਰੇਜ
- ✔ ਸੁਰੱਖਿਆ ਲਈ $100,000 ਤੱਕ ਪ੍ਰਾਪਤ ਕਰੋ
- ✔ ਇੱਥੋਂ ਤੱਕ ਕਿ ਪਹਿਲਾਂ ਤੋਂ ਹੀ ਮੌਜੂਦ ਮੈਡੀਕਲ ਸਥਿਤੀ ਦੇ ਨਾਲ ਹੀ ਤੁਸੀਂ ਅਪਲਾਈ ਕਰਨ ਲਈ ਯੋਗ ਹੋ ਸਕਦੇ ਹੋ
- ✔ 75 ਸਾਲ ਦੀ ਉਮਰ ਤੱਕ ਦੀ ਕਵਰੇਜ
- ✔ ਭੁਗਤਾਨ ਦੂਜੇ ਮਹੀਨੇ ਵਿਚ ਸ਼ੁਰੂ ਹੁੰਦੇ ਹਨ - ਇਹ ਮਹੀਨੇਵਾਰ ਭੁਗਤਾਨ ਦੇ ਪਲਾਨਾਂ 'ਤੇ ਲਾਗੂ ਹਨ

## ਤੁਸੀਂ ਗੰਭੀਰ ਤੌਰ 'ਤੇ ਬਿਮਾਰ ਹੋਣ ਦੀ ਉਮੀਦ ਨਹੀਂ ਕਰ ਸਕਦੇ। ਪਰ ਇੰਜ ਹੋ ਸਕਦਾ ਹੈ।

## ਜੋਖਮ ਵਾਲੀ ਬਿਮਾਰੀ ਦਾ ਬੀਮਾ, ਤੁਹਾਡੀ ਅਤੇ ਤੁਹਾਡੇ ਨਜ਼ਦੀਕੀਆਂ ਦੀ ਰਾਖੀ ਕਰਨ ਵਿਚ ਮਦਦ ਕਰ ਸਕਦਾ ਹੈ।

## Canada Protection Plan (ਕੈਨੇਡਾ ਪ੍ਰੋਟੈਕਸ਼ਨ ਪਲਾਨ), Critical Illness Insurance (ਜੋਖਮ ਵਾਲੀ ਬਿਮਾਰੀ ਦੇ ਬੀਮੇ) ਨੂੰ ਵਾਜਬ ਅਤੇ ਅਸਾਨ ਬਣਾਉਂਦਾ ਹੈ।

ਜੋਖਮ ਵਾਲੀ ਬਿਮਾਰੀ ਦਾ ਬੀਮਾ ਹੋਣ ਨਾਲ ਬਹੁਤ ਹੀ ਤਣਾਅ ਵਾਲੇ ਸਮੇਂ ਦੌਰਾਨ ਤੁਹਾਨੂੰ ਮਨ ਦਾ ਸਕੂਨ ਮਿਲਦਾ ਹੈ। ਇਹ ਕਿਸੇ ਠੋਸ ਮਾਲੀ ਪਲਾਨ ਦਾ ਚੰਗਾ ਹਿੱਸਾ ਵੀ ਹੈ। ਚਾਰ ਵਾਜਬ ਵਿਕਲਪਾਂ ਨਾਲ ਲਾਗੂ ਕਰਨ ਲਈ ਕੈਨੇਡਾ ਪ੍ਰੋਟੈਕਸ਼ਨ ਪਲਾਨ ਇਸ ਨੂੰ ਅਸਾਨ ਬਣਾਉਂਦਾ ਹੈ।

**ਤੁਸੀਂ ਮੈਂਬਰ ਦੇ ਲਾਭਾਂ ਦੇ ਵੱਡਮੁੱਲੇ ਪੈਕੇਜ ਦਾ ਅਨੰਦ ਮਾਣਨ ਦੇ ਯੋਗ ਹੋ ਸਕਦੇ ਹੋ***

ਤਿਆਰ ਕੀਤੀਆਂ ਜਾਣ ਵਾਲੀਆਂ ਵਸੀਅਤਾਂ ਅਤੇ ਮੁਖ਼ਤਾਰਨਾਮੇ (ਪਾੱਵਰ ਆੱਫ਼ ਅਟਾੱਰਨੀ) ਤੋਂ ਲੈਕੇ ਮੁਕਾਬਲੇਬਾਜ਼ੀ ਵਾਲੀ ਸਕਾੱਲਰਸ਼ਿਪਸ ਅਤੇ ਹੋਰ ਬਹੁਤ ਕੁਝ ਲਈ ਆੱਨਲਾਈਨ ਦਸਤਾਵੇਜ਼ ਤਿਆਰ ਕਰਨ ਬਾਰੇ ਸੇਵਾ**

ਤੁਹਾਡੀ ਪਾੱਲਿਸੀ ਮਿਲਣ ਵੇਲੇ ਤੁਹਾਨੂੰ ਸਾਰੇ ਲਾਭਾਂ ਬਾਰੇ ਦੱਸਿਆ ਜਾਏਗਾ।

ਪੈਕੇਜ ਲਓ ਅਤੇ ਤੁਸੀਂ ਜੀਵਨ ਅਤੇ ਜੋਖਮ ਵਾਲੀ ਬਿਮਾਰੀ ਦਾ ਬੀਮਾ ਖ਼ਰੀਦੋ ਅਤੇ ਤੁਸੀਂ ਸਮਾਂ ਅਤੇ ਪੈਸਾ ਬਚਾ ਸਕਦੇ ਹੋ।

---

### ਹੋਰ ਜਾਣਕਾਰੀ ਲਈ ਅਤੇ ਅਪਲਾਈ ਕਰਨ ਲਈ ਆਪਣੇ ਸਲਾਹਕਾਰ ਨਾਲ ਗੱਲ ਕਰੋ ਜਾਂ ਕੈਨੇਡਾ ਪ੍ਰੋਟੈਕਸ਼ਨ ਪਲਾਨ ਨਾਲ ਸੰਪਰਕ ਕਰੋ।

**Company/Advisor Name**
**Location**
**Contact Number**
**URL**

LOGO

*Foresters Financial (ਫ਼ੋਰਸਟਰਸ ਫ਼ਾਇਨੈਂਸ਼ੀਅਲ) ਦੇ ਮੈਂਬਰ ਦੇ ਲਾਭ ਬਿਨਾ ਕਿਸੇ ਇਕਰਾਰਨਾਮੇ ਦੇ ਹਨ, ਇਹ ਲਾਭ ਵਿਸ਼ੇਸ਼ ਯੋਗਤਾ ਸ਼ਰਤਾਂ, ਉਪਲਬਧਤਾ, ਪਰਿਭਾਸ਼ਾਵਾਂ ਅਤੇ ਪਾਬੰਦੀਆਂ ਦੇ ਘੇਰੇ ਹੇਠ ਹੁੰਦੇ ਹਨ ਅਤੇ ਬਿਨਾ ਨੋਟਿਸ ਦੇ ਬਦਲੇ ਜਾ ਸਕਦੇ ਹਨ ਜਾਂ ਰੱਦ ਕੀਤੇ ਜਾ ਸਕਦੇ ਹਨ।

**ਕਿਉਬੈਕ, ਟੈਰੀਟਰੀਆਂ ਅਤੇ ਨੁਨਾਵਟ ਵਿਚ ਉਪਲਬਧ ਨਹੀਂ ਹੈ।

Canada Protection Plan®
Simply Peace of Mind

1-877-447-6060
250 Ferrand Drive, Suite 1100
Toronto, Ontario M3C 3G8
Email: info@cpp.ca
www.cpp.ca

CANADA PROTECTION PLAN (ਕੈਨੇਡਾ ਪ੍ਰੋਟੈਕਸ਼ਨ ਪਲਾਨ) ਅਤੇ ਲੋਗੋ Canada Protection Plan Inc. (ਕੈਨੇਡਾ ਪ੍ਰੋਟੈਕਸ਼ਨ ਪਲਾਨ ਇੰਕ.) ਦੇ ਟ੍ਰੇਡਮਾਰਕ ਹਨ। ਲਾਇਸੈਂਸ ਹੇਠ ਇਸਤੇਮਾਲ ਕੀਤਾ ਜਾਂਦਾ ਹੈ।
Foresters Life Insurance Company (ਫ਼ੋਰਸਟਰਸ ਲਾਈਫ਼ ਇੰਸ਼ਿਓਰੈਂਸ ਕੰਪਨੀ) ਵਲੋਂ ਇਸਦੀ ਜ਼ਿੰਮੇਵਾਰੀ ਲਈ ਗਈ ਹੈ।

BRO-CNSR-CI0720PU

CI CRITICAL ILLNESS




# Critical Illness Insurance (ਜੋਖਮ ਵਾਲੀ ਬਿਮਾਰੀ ਦਾ ਬੀਮਾ)

## ਠੀਕ ਹੋਣ 'ਤੇ ਪੂਰਾ ਧਿਆਨ ਲਾਉਣ ਲਈ ਤੁਹਾਡੀ ਮਦਦ ਵਾਸਤੇ ਮਾਲੀ ਸੁਰੱਖਿਆ

Canada Protection Plan®
Simply Peace of Mind

## ਜੇ ਤੁਸੀਂ ਜੋਖਮ ਵਾਲੀ ਬਿਮਾਰੀ ਦਾ ਸਾਹਮਣਾ ਕਰ ਰਹੇ ਸੀ, ਤਾਂ ਕੀ ਤੁਸੀਂ ਮਾਲੀ ਤੌਰ 'ਤੇ ਤਿਆਰ ਹੋਵੋਗੇ?



ਲਗਭਗ 12 ਵਿਚੋਂ 1 ਕੈਨੇਡਾ ਵਾਸੀ ਦਿਲ ਦੀ ਬਿਮਾਰੀ ਨਾਲ ਜ਼ਿੰਦਗੀ ਜੀ ਰਿਹਾ ਹੈ [1]

ਅੰਦਾਜ਼ਨ 2 ਵਿਚੋਂ 1 ਕੈਨੇਡਾ ਵਾਸੀ ਦਾ ਉਸਦੀ ਪੂਰੀ ਜ਼ਿੰਦਗੀ ਵਿਚ ਕੈਂਸਰ ਦਾ ਇਲਾਜ ਹੋਏਗਾ[2]

ਗਿਣਤੀ ਵਿਚ ਵਾਧਾ ਹੋ ਸਕਦਾ ਹੈ, ਪਰ ਇਹ ਪਤਾ ਲੱਗਣ 'ਤੇ ਮਨ ਨੂੰ ਢਾਰਸ ਹੁੰਦੀ ਹੈ ਕਿ ਅੱਜ ਮੈਡੀਕਲ ਸਹੂਲਤਾਂ ਵਿਚਲੇ ਵਾਧਿਆਂ ਨਾਲ ਜ਼ਿੰਦਗੀ ਜੀਣ ਦੀਆਂ ਉਮੀਦਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

### ਕੀ ਹੁੰਦਾ ਹੈ, ਜੇ ਜ਼ਿੰਦਗੀ ਵਿਚ ਕੁਝ ਚਾਣਚੱਕ ਵਾਪਰਦਾ ਹੈ?

ਜੇ ਤੁਸੀਂ ਕੈਂਸਰ, ਦਿਲ ਦੇ ਦੌਰੇ ਜਾਂ ਦੌਰੇ ਵਰਗੀ ਜੋਖਮ ਵਾਲੀ ਬਿਮਾਰੀ ਦਾ ਸਾਹਮਣਾ ਕਰ ਰਹੇ ਸੀ, ਤਾਂ ਕੀ ਤੁਸੀਂ ਅਤੇ ਤੁਹਾਡੇ ਨਜ਼ਦੀਕੀ ਮਾਲੀ ਤੌਰ 'ਤੇ ਸੁਰੱਖਿਅਤ ਹੋਣਗੇ? ਮੁੜ-ਸਿਹਤਯਾਬ ਹੋਣ ਵਿਚ ਸਮਾਂ ਲੱਗਦਾ ਹੈ ਅਤੇ ਹੋ ਸਕਦਾ ਹੈ, ਤੁਸੀਂ ਪੂਰੀ ਤਰ੍ਹਾਂ ਕੰਮ ਨਾਲ ਜੁੜੇ ਲਾਭਾਂ ਜਾਂ Employment Insurance (ਰੋਜ਼ਗਾਰ ਬੀਮੇ) ਦੇ ਘੇਰੇ ਹੇਠ ਨਾ ਹੋਵੋ। ਜੋਖਮ ਵਾਲੀ ਬਿਮਾਰੀ ਦਾ ਸਾਹਮਣਾ ਕਰਨਾ ਬਹੁਤ ਔਖਾ ਕੰਮ ਹੈ। ਇਸੀ ਲਈ ਕੈਨੇਡਾ ਪ੍ਰੋਟੈਕਸ਼ਨ ਪਲਾਨ ਦੇ ਜੋਖਮ ਵਾਲੀ ਬਿਮਾਰੀ ਦੇ ਪਲਾਨ ਇਸ ਤਣਾਅ ਨੂੰ ਘੱਟ ਕਰਨ ਲਈ ਤਿਆਰ ਕੀਤੇ ਗਏ ਹਨ।

### ਕੀ ਤੁਹਾਨੂੰ ਪਤਾ ਹੈ?

- ਜੇ ਤੁਸੀਂ ਕੰਮ ਕਰਨ ਦੇ ਸਮਰੱਥ ਹੋ, ਤਾਂ ਵਿਸ਼ੇਸ਼ ਅਸਮਰੱਥਾ (ਅਪੰਗਤਾ) ਬੀਮਾ ਤੁਹਾਡੇ ਲਈ ਨਹੀਂ ਹੈ
- ਤੁਹਾਡੇ ਨੌਕਰੀਦਾਤਾ ਦੇ ਬੀਮੇ ਦੇ ਲਾਭ ਸੀਮਤ ਕੀਤੇ ਜਾ ਸਕਦੇ ਹਨ
- ਰੋਜ਼ਗਾਰ ਬੀਮਾ ਵੱਧ ਤੋਂ ਵੱਧ 15 ਹਫ਼ਤਿਆਂ ਲਈ ਹੋ ਸਕਦਾ ਹੈ; ਸੂਬੇ ਦੇ ਹਿਸਾਬ ਨਾਲ ਇਹ ਵੱਖ ਹੋ ਸਕਦਾ ਹੈ

**ਜੋਖਮ ਵਾਲੀ ਬਿਮਾਰੀ ਨਾਲ, ਤੁਹਾਨੂੰ ਇਸ ਵਿਚੋਂ ਕਿਸੇ ਬਾਰੇ ਵੀ ਫ਼ਿਕਰ ਨਹੀਂ ਕਰਨਾ ਪਏਗਾ**

ਸ੍ਰੋਤ: [1] *ਕੈਨੇਡਾ ਸਰਕਾਰ* [2] *ਕੈਨੇਡੀਅਨ ਕੈਂਸਰ ਸੁਸਾਇਟੀ*

## ਸਾਡੀ ਜੋਖਮ ਵਾਲੀ ਬਿਮਾਰੀ ਦੇ ਬੀਮੇ ਦੇ ਚਾਰ ਪਲਾਨ ਵਾਜਬ ਪ੍ਰੀਮੀਅਮਾਂ ਦੇ ਨਾਲ ਲਚਕੀਲਾਪਨ ਮੁਹੱਈਆ ਕਰਦੇ ਹਨ

### ਦਿਲ ਦੀ ਸੁਰੱਖਿਆ CI:

ਦਿਲ ਦੇ ਦੌਰੇ, ਦੌਰੇ, ਸਾਹ-ਰਗ ਸਬੰਧੀ ਸਰਜਰੀ, ਕੋਰੋਨਰੀ ਆਰਟਰੀ ਬਾਈਪਾਸ ਸਰਜਰੀ ਜਾਂ ਦਿਲ ਦਾ ਵਾਲਵ ਬਦਲਣ ਦਾ ਉਸ ਨੂੰ ਠੀਕ ਕਰਨ ਦੇ ਮਾਮਲੇ ਵਿਚ $50,000 ਤੱਕ ਦਾ ਬਿਨਾ ਟੈਕਸ ਵਾਲਾ ਇਕ ਭੁਗਤਾਨ ਪ੍ਰਾਪਤ ਕਰੋ।

### ਦਿਲ ਅਤੇ ਕੈਂਸਰ ਸੁਰੱਖਿਆ CI:

ਦੋਹਾਂ ਲਈ ਕਵਰੇਜ ਪ੍ਰਾਪਤ ਕਰੋ। ਹਰ ਪਲਾਨ ਲਈ ਇਕ, $50,000 ਤੱਕ ਦੇ 2 ਬਿਨਾ ਟੈਕਸ ਵਾਲੇ ਭੁਗਤਾਨ ਪ੍ਰਾਪਤ ਕਰੋ। ਜੇ ਤੁਸੀਂ ਇਕ ਪਲਾਨ ਦਾ ਦਾਅਵਾ ਕਰਦੇ ਹੋ, ਤਾਂ ਦੂਜਾ ਪਲਾਨ ਲਾਗੂ ਰਹਿੰਦਾ ਹੈ, ਜੋ ਤੁਹਾਨੂੰ ਕੁੱਲ 2 ਦਾਅਵਿਆਂ ਦੇ ਭੁਗਤਾਨਾਂ ਦੇ ਯੋਗ ਬਣਾਉਂਦਾ ਹੈ। ਕੈਨੇਡਾ ਪ੍ਰੋਟੈਕਸ਼ਨ ਪਲਾਨ ਲਚਕੀਲੀ ਕਵਰੇਜ ਦੇ ਨਾਲ ਹੀ, ਇਸ ਪਲਾਨ 'ਤੇ ਪਹਿਲੇ ਦਾਅਵੇ ਤੋਂ ਬਾਅਦ ਘਟਿਆ ਹੋਇਆ ਪ੍ਰੀਮੀਅਮ ਮੁਹੱਈਆ ਕਰਦਾ ਹੈ।

### ਕੈਂਸਰ ਸੁਰੱਖਿਆ CI:

ਕੈਂਸਰ, ਅਪਲਾਸਟਿਕ ਅਨੀਮੀਆ ਜਾਂ ਦਿਮਾਗ ਦੀ ਹਲਕੀ ਗਿਲ੍ਹਟੀ ਦੇ ਮਾਮਲੇ ਵਿਚ $50,000 ਤੱਕ ਦਾ ਬਿਨਾ ਟੈਕਸ ਵਾਲਾ ਇਕ ਭੁਗਤਾਨ ਪ੍ਰਾਪਤ ਕਰੋ।*

### ਦਿਲ ਜਾਂ ਕੈਂਸਰ ਸੁਰੱਖਿਆ CI:

ਕੋਈ ਇਕ ਕਵਰੇਜ ਲਓ। ਪਹਿਲੀ ਬਿਮਾਰੀ ਦੇ ਮਾਮਲੇ ਵਿਚ $100,000 ਤੱਕ ਦਾ ਬਿਨਾ ਟੈਕਸ ਵਾਲਾ ਇਕ ਭੁਗਤਾਨ ਪ੍ਰਾਪਤ ਕਰੋ।

### ਕੈਨੇਡਾ ਪ੍ਰੋਟੈਕਸ਼ਨ ਪਲਾਨ, ਵੱਖਰੇ ਢੰਗ ਨਾਲ ਤਿਆਰ ਕੀਤੇ ਗਏ ਜੋਖਮ ਵਾਲੀ ਬਿਮਾਰੀ ਦੇ ਬੀਮੇ ਦੇ ਵਾਜਬ ਪਲਾਨਾਂ ਦੀ ਪੇਸ਼ਕਸ਼ ਕਰਦਾ ਹੈ।

ਜੋਖਮ ਵਾਲੀ ਬਿਮਾਰੀ ਦੇ ਬੀਮੇ ਵਿਚ ਆਮ ਤੌਰ 'ਤੇ ਇਕ ਪਾੱਲਿਸੀ ਹੇਠ ਕੈਂਸਰ, ਦਿਲ ਦੇ ਦੌਰੇ ਅਤੇ ਦੌਰੇ ਵਰਗੀਆਂ ਸਾਰੀਆਂ ਵੱਡੀਆਂ ਮੈਡੀਕਲ ਸਥਿਤੀਆਂ ਨਹੀਂ ਆਉਂਦੀਆਂ। ਇਸਦਾ ਮਤਲਬ ਹੈ ਕਿ ਜੇ ਤੁਹਾਨੂੰ ਪਹਿਲਾਂ ਇਹਨਾਂ ਮੈਡੀਕਲ ਸਥਿਤੀਆਂ ਵਿਚੋਂ ਕੋਈ ਇਕ ਹੋਈ ਸੀ, ਤਾਂ ਤੁਸੀਂ ਜੋਖਮ ਵਾਲੀ ਬਿਮਾਰੀ ਦੇ ਬੀਮੇ ਲਈ ਅਯੋਗ ਹੋ ਸਕਦੇ ਹੋ। ਕੈਨੇਡਾ ਪ੍ਰੋਟੈਕਸ਼ਨ ਪਲਾਨ ਨਾਲ ਤੁਹਾਡੇ ਕੋਲ ਹਰ ਪਲਾਨ ਦੇ ਘੇਰੇ ਹੇਠ ਵੱਖਰੇ ਤੌਰ 'ਤੇ ਆਉਣ ਦਾ ਵਿਕਲਪ ਹੁੰਦਾ ਹੈ, ਜੇ ਤੁਸੀਂ ਚੁਣਦੇ ਹੋ ਜਾਂ ਤੁਸੀਂ ਦੋਹਾਂ ਦੇ ਘੇਰੇ ਹੇਠ ਆਉਂਦੇ ਹੋ। ਫ਼ੈਸਲਾ ਤੁਸੀਂ ਕਰਨਾ ਹੈ।

### ਕੀ ਤੁਹਾਨੂੰ ਦਿਲ ਦੀ ਬਿਮਾਰੀ ਹੈ?

ਤੁਸੀਂ ਕੈਂਸਰ ਦੀ ਕਵਰੇਜ ਲਈ ਯੋਗ ਹੋ ਸਕਦੇ ਹੋ।

### ਕੀ ਤੁਹਾਨੂੰ ਕੈਂਸਰ ਹੈ?

ਤੁਸੀਂ ਦਿਲ ਦੀ ਬਿਮਾਰੀ ਦੀ ਕਵਰੇਜ ਲਈ ਯੋਗ ਹੋ ਸਕਦੇ ਹੋ।

* *ਕੈਨੇਡਾ ਪ੍ਰੋਟੈਕਸ਼ਨ ਪਲਾਨ, ਇਸ ਸਮੇਂ ਕੈਨੇਡਾ ਵਿਚ ਉਪਲਬਧ ਵਿਸ਼ੇਸ਼ ਕੈਂਸਰ ਤੋਂ ਅਲਾਵਾ, ਇਹਨਾਂ ਪਿਛਲੀਆਂ ਦੇ ਮੈਡੀਕਲ ਸਥਿਤੀਆਂ ਲਈ ਕਵਰੇਜ ਦੀ ਪੇਸ਼ਕਸ਼ ਕਰਦਾ ਹੈ।*

